# ਦਫਤਰ ਨਗਰ ਕੌਸਲ, ਲੌਂਗੋਵਾਲ (ਸੰਗਰੂਰ) ਪੰਜਾਬ

ਵਿਸ਼ਾ:- ਨਗਰ ਕੌਸਲ, ਲੌਂਗੋਵਾਲ ਵੱਲੋਂ 16 ਸਫਾਈ ਸੇਵਕਾਂ ਦੀ ਕੰਟਰੈਕਟ ਬੇਸ ਤੇ ਭਰਤੀ ਕਰਨ ਸਬੰਧੀ ਸਲੈਕਸ਼ਨ ਕਮੇਟੀ ਦੀ ਮੀਟਿੰਗ ਮਿਤੀ 16-10-2023 ਦੀ ਕਾਰਵਾਈ।

ਨਗਰ ਕੌਸਲ, ਲੌਂਗੋਵਾਲ ਵੱਲੋਂ 16 ਸਫਾਈ ਸੇਵਕਾਂ ਦੀ ਕੰਟਰੈਕਟ ਬੇਸ ਤੇ ਭਰਤੀ ਕਰਨ ਸਬੰਧੀ ਪ੍ਰਕੀਰਿਆ ਮੁਕੰਮਲ ਕਰਨ ਲਈ ਸਲੈਕਸ਼ਨ ਕਮੇਟੀ ਦੀ ਮੀਟਿੰਗ ਮਿਤੀ 16-10-2023 ਸਵੇਰੇ 10.00 ਵਜੇ ਦਫਤਰ, ਨਗਰ ਕੌਸਲ, ਲੌਂਗੋਵਾਲ ਵਿਖੇ ਰੱਖੀ ਗਈ ਸੀ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ ਹੈ, ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ।

| ਲੜੀ ਨੰ: | ਮੈਂਬਰ/ਅਧਿਕਾਰੀ ਦਾ ਨਾਮ | ਦਫਤਰ ਦਾ ਨਾਮ |
|---|---|---|
| 1. | ਸ਼੍ਰੀਮਤੀ ਪਰਮਿੰਦਰ ਕੌਰ ਬਰਾੜ | ਪ੍ਰਧਾਨ ਸਿਲੈਕਸ਼ਨ ਕਮੇਟੀ-ਕਮ-ਪ੍ਰਧਾਨ, ਨਗਰ ਕੌਂਸਲ, ਲੌਂਗੋਵਾਲ |
| 2. | ਸ਼੍ਰੀ ਬਾਲ ਕ੍ਰਿਸਨ | ਸਕੱਤਰ ਸਿਲੈਕਸ਼ਨ ਕਮੇਟੀ-ਕਮ-ਕਾਰਜ ਸਾਧਕ ਅਫਸਰ, ਨਗਰ ਕੌਂਸਲ, ਲੌਂਗੋਵਾਲ |
| 3. | ਸ਼੍ਰੀ ਮੇਲਾ ਸਿੰਘ | ਮੈਂਬਰ ਸਿਲੈਕਸ਼ਨ ਕਮੇਟੀ-ਕਮ-ਕੌਂਸਲਰ ਪੁਰਸ਼ ਵਾਰਡ ਨੰ: 10 |
| 4. | ਸ਼੍ਰੀਮਤੀ ਨਸੀਬ ਕੌਰ | ਮੈਂਬਰ ਸਿਲੈਕਸ਼ਨ ਕਮੇਟੀ-ਕਮ-ਕੌਂਸਲਰ ਇਸਤਰੀ ਵਾਰਡ ਨੰ: 3 |
| 5. | ਸ਼੍ਰੀ ਹਰਚੰਦ ਸਿੰਘ ਕੋਚ | ਨੁਮਾਇੰਦਾ ਜਿਲ੍ਹਾ ਖੇਡ ਅਫਸਰ, ਸੰਗਰੂਰ |
| 6. | ਸ਼੍ਰੀ ਮਹਿੰਦਰ ਸਿੰਘ, ਕਲਰਕ | ਨੁਮਾਇੰਦਾ ਤਹਿਸੀਲ ਭਲਾਈ ਅਫਸਰ, ਸੰਗਰੂਰ |

ਕਾਰਜ ਸਾਧਕ ਅਫਸਰ, ਮੈਂਬਰ-ਕਮ-ਸਕੱਤਰ ਵੱਲੋਂ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਹਾਜਰ ਆਏ ਮੈਂਬਰਾਂ ਨੂੰ ਜੀ ਆਇਆ ਕਿਹਾ ਗਿਆ। ਮੀਟਿੰਗ ਸ਼ੁਰੂ ਹੋਣ ਤੇ ਪਿਛਲੀ ਮੀਟਿੰਗ ਮਿਤੀ: 13.09.2023 ਦੀ ਕਾਰਵਾਈ ਜੋ ਕਿ ਪੱਤਰ ਪਿੱਠ ਅੰਕਣ ਨੰਬਰ 783-788 ਮਿਤੀ: 06.10.2023 ਰਾਂਹੀ ਜਾਰੀ ਕੀਤੀ ਗਈ ਸੀ ਦੀ ਪੁਸ਼ਟੀ ਕੀਤੀ ਗਈ। ਮੀਟਿੰਗ ਵਿੱਚ ਸਲੈਕਸ਼ਨ ਸਬੰਧੀ ਪਹਿਲਾਂ ਕੀਤੀ ਗਈ ਕਾਰਵਾਈ ਬਾਰੇ ਜਾਣੂ ਕਰਵਾਇਆ ਗਿਆ ਅਤੇ ਹੇਠ ਲਿਖੇ ਮਸਲਿਆਂ ਤੇ ਵਿਚਾਰ ਵਟਾਂਦਰਾ ਕਰਦੇ ਹੋਏ ਫੈਸਲਾ ਕੀਤਾ ਗਿਆ।

1. ਸਫਾਈ ਸੇਵਕਾਂ ਦੀ ਭਰਤੀ ਸਬੰਧੀ ਕੁੱਲ 23 ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਗਿਆ ਸੀ। ਨਗਰ ਕੌਸਲ, ਦਫਤਰ ਵੱਲੋਂ 16 ਸਫਾਈ ਸੇਵਕਾਂ ਦੀ ਕੰਟਰੈਕਟ ਬੇਸ ਤੇ ਭਰਤੀ ਕਰਨ ਸਬੰਧੀ ਪ੍ਰਕੀਰਿਆ ਮੁਕੰਮਲ ਕਰਨ ਸਬੰਧੀ ਸਲੈਕਸ਼ਨ ਕਮੇਟੀ ਦੀ ਮੀਟਿੰਗ ਮਿਤੀ 13-09-2023 ਸਵੇਰੇ 11.00 ਵਜੇ ਦਫਤਰ ਨਗਰ ਕੌਸਲ, ਲੌਂਗੋਵਾਲ ਵਿਖੇ ਰੱਖੀ ਗਈ ਸੀ।
2. ਮੀਟਿੰਗ ਵਿੱਚ ਅਸਲ ਦਸਤਾਵੇਜ (ਕੈਟਾਗਿਰੀ ਸਰਟੀਫਿਕੇਟ, ਰਿਹਾਇਸ਼ੀ ਸਰਟੀਫਿਕੇਟ, ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ, ਉਮਰ ਸਬੰਧੀ ਸਰਟੀਫਿਕੇਟ ਅਤੇ ਤਜਰਬੇ ਸਬੰਧੀ ਸਰਟੀਫਿਕੇਟਾਂ) ਦੀ ਅਸਲ ਦਸਤਾਵੇਜਾਂ ਨਾਲ ਤਸਦੀਕ ਕਰਨ ਲਈ ਇੱਕ ਸਕਰੂਟਨੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਦਸਤਾਵੇਜਾਂ ਦੀ ਪੜਤਾਲ ਦੇ ਦਿਨ ਗੈਰ-ਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਨੂੰ ਸਲੈਕਸ਼ਨ ਲਈ ਨਹੀਂ ਵਿਚਾਰਿਆ ਜਾਵੇਗਾ।
3. ਸਕਰੂਟਨੀ ਸਬੰਧੀ ਉਮੀਦਵਾਰਾਂ ਨੂੰ ਅਸਲ ਦਸਤਾਵੇਜ ਪੇਸ਼ ਕਰਨ ਲਈ ਮਿਤੀ 16.10.2023 ਨਿਸ਼ਚਿਤ ਕਰਦੇ ਹੋਏ ਉਮੀਦਵਾਰਾਂ ਰਜਿਸਟਰਡ ਡਾਕ ਰਾਂਹੀ ਸੂਚਿਤ ਕੀਤਾ ਗਿਆ ਸੀ।
4. ਸਕਰੂਟਨੀ ਵਾਲੇ ਦਿਨ ਗੈਰ ਹਾਜ਼ਰ ਰਹੇ ਪੰਜ ਉਮੀਦਵਾਰਾਂ ਅਤੇ ਦੋ ਉਮੀਦਵਾਰ ਜੋ ਕਿ ਉਮਰ ਸਬੰਧੀ ਯੋਗਤਾ ਪੂਰੀ ਨਹੀਂ ਕਰਦੇ ਸੀ ਦੀਆਂ ਦਰਖਾਸਤਾਂ ਰੱਦ ਕੀਤੀਆਂ ਜਾਂਦੀਆਂ ਹਨ। ਇਹਨਾਂ ਉਮੀਦਵਾਰਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:-

| Sr. No. | Receipt Register Serial No. & Date | Name of Candidate | Father/Husband Name | M/F | Address | DOB | Age as on 01.01.2021 (Y/M/D) | Category | Reason for Rejection |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |

| Sr. No. | Receipt Register Serial No. & Date | | Name of Candidate | Father/Husband Name | M/F | Address | DOB | Age as on 01.01.2021 (Y/M/D) | Category | Reason for Rejection |
|---|---|---|---|---|---|---|---|---|---|---|
| 1 | 2 | | 3 | 4 | 5 | 6 | 7 | 8 | 9 | 10 |
| 1 | 1 | 18.10.2021 | JAGJIT SINGH | KULWANT SINGH | M | WARD NO. 2 KALYAN, KALIAN, SANDHAUR, SANGRUR | 17-08-1988 | 32 | SC | ਉਮੀਦਵਾਰ ਡਾਕੂਮੈਂਟ ਵੈਰੀਫਿਕੇਸ਼ਨ ਵਾਲੇ ਦਿਨ ਗੈਰ ਹਾਜ਼ਰ ਸੀ। |
| 2 | 2 | 21.10.2021 | MANDEEP SINGH | HARDEV SINGH | M | CHATHA NAKTA SUNAM SANGRUR | 01-10-1984 | 36 | GENERAL | ਉਮੀਦਵਾਰ ਡਾਕੂਮੈਂਟ ਵੈਰੀਫਿਕੇਸ਼ਨ ਵਾਲੇ ਦਿਨ ਗੈਰ ਹਾਜ਼ਰ ਸੀ। |
| 3 | 3 | 25.10.2021 | AMAN KUMAR | ROOP LAL | M | H. NO. 32, GALI NO. 14 SAHIBZADA FATEH SINGH NAGAR AMRITSAR | 27-10-1995 | 25 | BC | ਉਮੀਦਵਾਰ ਡਾਕੂਮੈਂਟ ਵੈਰੀਫਿਕੇਸ਼ਨ ਵਾਲੇ ਦਿਨ ਗੈਰ ਹਾਜ਼ਰ ਸੀ। |
| 4 | 13 | 26.10.2021 | CHARANJIT KAUR | SATPAL SINGH | F | PATTI GAHU LONGOWAL | 03-03-1982 | 38 | SC | ਉਮੀਦਵਾਰ ਡਾਕੂਮੈਂਟ ਵੈਰੀਫਿਕੇਸ਼ਨ ਵਾਲੇ ਦਿਨ ਗੈਰ ਹਾਜ਼ਰ ਸੀ। |
| 5 | 21 | 27.10.2021 | SKINDER SINGH | JAGJEET SINGH | M | HOUSE NUMBER 700 DUGGAN, SANGRUR | 02-04-1994 | 26 | SC | ਉਮੀਦਵਾਰ ਡਾਕੂਮੈਂਟ ਵੈਰੀਫਿਕੇਸ਼ਨ ਵਾਲੇ ਦਿਨ ਗੈਰ ਹਾਜ਼ਰ ਸੀ। |
| 6 | 14 | 26.10.2021 | NIRMAL SINGH | MAHINDER SINGH | M | WARD NO.6 NEAR BABA MANI SINGH GURUDWARA RANDHAWA PATTI LONGOWAL | 01-01-1976 | 45 | SC | ਉਮੀਦਵਾਰ ਅਨੁਸੂਚਿਤ ਜਾਤੀ ਦੇ ਨੁਕਤੇ ਸਬੰਧੀ ਉਮਰ ਦੀ ਯੋਗਤਾ ਪੂਰੀ ਨਹੀਂ ਕਰਦਾ ਹੈ। |
| 7 | 16 | 26.10.2021 | BILLU SINGH | SARWAN SINGH | M | DULLAT PATTI NEAR NEHRI KOTHI WARD NO. 10 LONGOWAL | 01-07-1971 | 50 | SC | ਉਮੀਦਵਾਰ ਅਨੁਸੂਚਿਤ ਜਾਤੀ ਦੇ ਨੁਕਤੇ ਸਬੰਧੀ ਉਮਰ ਦੀ ਯੋਗਤਾ ਪੂਰੀ ਨਹੀਂ ਕਰਦਾ ਹੈ। |

5. ਨਗਰ ਕੌਂਸਲ, ਲੌਂਗੋਵਾਲ ਵੱਲੋਂ ਮਤਾ ਨੰ: 108 ਮਿਤੀ: 16.10.2023 ਰਾਂਹੀ ਸਫਾਈ ਸੇਵਕਾਂ ਦੀ ਕੰਟਰੈਕਟ ਬੇਸ ਤੇ ਭਰਤੀ ਕਰਨ ਸਬੰਧੀ ਮਾਪਦੰਡ (Criteria) ਫਿਕਸ ਕੀਤੇ ਗਏ ਹਨ।
6. ਤਿੰਨ ਸਾਲ ਦੇ ਉਪਰ ਤਜਰਬੇ ਨੂੰ ਤਰਜੀਵ ਦਿੱਤੀ ਜਾਵੇ। ਤਿੰਨ ਸਾਲ ਤੋਂ ਬਾਅਦ ਹਰੇਕ ਸਾਲ 02 ਅੰਕ ਦਿੱਤੇ ਜਾਣਗੇ ਅਤੇ 6 ਮਹੀਨੇ ਦਾ 1 ਅੰਕ ਹੋਵੇਗਾ ਅਤੇ ਕੁਰੈਸ਼ਨ ਇੰਗਨੋਰ ਹੋਵੇਗੀ। ਤਜਰਬੇ ਸਬੰਧੀ ਪਹਿਲ ਨਗਰ ਕੌਂਸਲ, ਲੌਂਗੋਵਾਲ ਦੇ ਆਊਟਸੋਰਸ ਕਰਮਚਾਰੀਆਂ ਨੂੰ ਦਿੱਤੀ ਜਾਵੇਗੀ।
7. ਉਮੀਦਵਾਰ ਦੀ ਪੜਾਈ ਲਈ ਅੱਠਵੀਂ ਪਾਸ ਦਾ ਇੱਕ ਨੰਬਰ ਦਿੱਤਾ ਜਾਵੇਗਾ। ਵਾਧੂ ਉਚੇਰੀ ਸਿੱਖਿਆ ਦਾ ਕੋਈ ਵਾਧੂ ਅੰਕ ਨਹੀਂ ਦਿੱਤਾ ਜਾਵੇਗਾ।
8. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਪੱਤਰ ਨੰ: ਅਸ3-ਡਸਸ-(ਲੌਂਗੋਵਾਲ)2021/29764 ਮਿਤੀ 23-07-2021 ਦੇ ਲੜੀ ਨੰ: 06 ਅਨੁਸਾਰ " ਜੇਕਰ ਉਮੀਦਵਾਰ ਪਹਿਲਾਂ ਹੀ ਮਿਉਂਸਪਲ ਕਮੇਟੀ ਵਿੱਚ ਜਿਸ ਮਿਤੀ ਤੋਂ ਕੰਮ ਕਰ ਰਿਹਾ ਹੈ, ਉਸ ਮਿਤੀ ਤੋਂ ਮਿਥੀ ਜਾਵੇ" ਇਸ ਅਨੁਸਾਰ ਉਮੀਦਵਾਰ ਦੀ ਉਮਰ ਜਦੋ ਤੋਂ ਨਗਰ ਕੌਂਸਲ ਵਿੱਚ ਕੰਮ ਕਰ ਰਿਹਾ ਹੈ,ਇਸ ਮਿਤੀ ਨੂੰ ਜੋ ਉਮਰ ਸੀ, ਉਹ ਮੰਨੀ ਜਾਵੇ ।
9. ਜਿੰਨਾ ਉਮੀਦਵਾਰਾ ਵੱਲੋਂ ਕਿਸੇ ਵੀ ਰਿਜਰਵ ਕੈਟਾਗਿਰੀ ਵਿੱਚ ਅਪਲਾਈ ਕੀਤਾ ਗਿਆ ਹੈ, ਜੇਕਰ ਉਹਨਾਂ ਦੇ ਨੰਬਰ ਜਨਰਲ ਉਮੀਦਵਾਰਾ ਨਾਲੋ ਜਿਆਦਾ ਹਨ ਤਾਂ ਉਹਨਾਂ ਨੂੰ ਜਨਰਲ ਕੈਟਾਗਿਰੀ ਲਈ ਵਿਚਾਰਿਆ ਜਾਵੇਗਾ।

10. ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ/ਨਿਯਮਾਂ ਅਨੁਸਾਰ ਪੂਰੀ ਭਰਤੀ ਪ੍ਰਕਿਰਿਆ ਰੋਸਟਰ ਮੁਤਾਬਿਕ ਕੀਤੀ ਜਾਵੇਗੀ ।

11. ਉਮੀਦਵਾਰ ਦੀ ਜਨਮ ਮਿਤੀ ਸਬੂਤ ਲਈ ਸਕੂਲ ਸਰਟੀਫਿਕੇਟ ਜਿਸ ਉਪਰ ਜਨਮ ਮਿਤੀ ਦਰਸਾਈ ਹੋਵੇ ਅਤੇ ਸਕੂਲ ਸਰਟੀਫਿਕੇਟ ਤੋਂ ਇਲਾਵਾ ਜਨਮ ਸਰਟੀਫਿਕੇਟ ਜਾਂ ਅਧਾਰ ਕਾਰਡ ਹਾਂ ਪੈਨ ਕਾਰਡ ਜਾਂ ਜਿਸ ਸਬੂਤ ਵਿੱਚ ਉਮਰ ਵੱਧ ਹੋਵੇਗੀ, ਉਹ ਮੰਨੀ ਜਾਵੇਗੀ। ਇਸ ਤੋਂ ਇਲਾਵਾ ਜਿਹਨਾਂ ਉਮੀਦਵਾਰ ਵੱਲੋਂ ਜਨਮ ਮਿਤੀ ਸਬੂਤ ਲਈ ਅਧਾਰ ਕਾਰਡ ਜਾਂ ਪੈਨ ਕਾਰਡ ਲਗਾਇਆ ਗਿਆ ਹੈ, ਉਹਨਾਂ ਵੱਲੋਂ ਸਵੈ-ਘੋਸ਼ਣਾ ਪੱਤਰ ਲਿਆ ਜਾਵੇਗਾ।

12. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ ਅਤੇ ਜਿਹਨਾਂ ਉਮੀਦਵਾਰਾ ਵੱਲੋਂ ਰੈਜੀਡੈਂਸਲ ਸਰਟੀਫਿਕੇਟ ਦੀ ਰਸੀਦ ਲਗਾਈ ਹੈ, ਉਹ ਆਪਣਾ ਰੈਜੀਡੈਂਸਲ ਸਰਟੀਫਿਕੇਟ ਵੀ ਦੇਣਗੇ।

13. ਸਿਲੈਕਸ਼ਨ ਕਮੇਟੀ ਵੱਲੋਂ 16 ਯੋਗ ਉਮੀਦਵਾਰਾਂ ਦੀਆਂ ਫਾਈਲਾਂ ਦੀ ਪੜਤਾਲ ਕੀਤੀ ਗਈ ਜਿਸ ਤੋਂ ਇਹ ਸਾਹਮਣੇ ਆਇਆ ਕਿ ਕਈ ਉਮੀਦਵਾਰਾਂ ਪਾਸ ਵਿੱਦਿਅਕ ਯੋਗਤਾ ਹੈ ਪ੍ਰੰਤੂ ਤਜਰਬਾ ਨਹੀਂ ਹੈ ਅਤੇ ਕਈ ਉਮੀਦਵਾਰਾਂ ਪਾਸ ਯੋਗਤਾ ਨਹੀਂ ਹੈ ਪ੍ਰੰਤੂ ਤਜਰਬਾ ਹੈ, ਜਿਸ ਕਰਕੇ ਉਹਨਾਂ ਦੇ ਮੈਰਿਟ ਵਿਚ ਨੰਬਰ ਬਰਾਬਰ ਹੋਣਗੇ। ਪ੍ਰੰਤੂ ਬਿਨਾਂ ਤਜਰਬੇ ਵਾਲੇ ਉਮੀਦਵਾਰ ਦੀ ਉਮਰ ਜਿਆਦਾ ਹੋਣ ਕਰਕੇ ਤਜਰਬੇਕਾਰ ਉਮੀਦਵਾਰ ਨੂੰ ਮੈਰਿਟ ਤਿਆਰ ਕਰਦੇ ਸਮੇਂ ਤਰਜੀਹ ਨਹੀਂ ਮਿਲ ਸਕੇਗੀ। ਇਸ ਲਈ ਸਿਲੈਕਸ਼ਨ ਕਮੇਟੀ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਅਜਿਹੇ ਉਮੀਦਵਾਰਾਂ ਦੀ ਮੈਰਿਟ ਤਿਆਰ ਕਰਦੇ ਸਮੇਂ ਉਮਰ ਦੀ ਥਾਂ ਤੇ ਤਜਰਬੇ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇ। ਇਸ ਤੋਂ ਇਲਾਵਾ ਜੇਕਰ ਉਮੀਦਵਾਰ ਪਾਸ ਕੋਈ ਤਜਰਬਾ ਨਹੀਂ ਹੈ ਅਤੇ ਵਿੱਦਿਅਕ ਯੋਗਤਾ ਕਾਰਨ ਉਹਨਾਂ ਦੇ ਮੈਰਿਟ ਵਿਚ ਨੰਬਰ ਬਰਾਬਰ ਹਨ ਤਾਂ ਅਜਿਹੇ ਕੇਸਾਂ ਵਿਚ ਵਿਚ ਵੱਧ ਉਮਰ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇ।

14. ਸਲੈਕਸ਼ਨ ਕਮੇਟੀ ਵੱਲੋ ਇਹ ਵੀ ਫੈਸਲਾ ਕੀਤਾ ਗਿਆ ਕਿ 16 ਯੋਗ ਉਮੀਦਵਾਰਾਂ ਦੀ ਸਾਂਝੀ ਮੈਰਿਟ ਲਿਸਟ ਤਿਆਰ ਕਰਦੇ ਹੋਏ ਵੱਖ-2 ਅਸਾਮੀਆਂ ਲਈ ਰਾਖਵਾਂਕਰਨ ਬਾਰੇ ਰੋਸਟਰ ਪੁਆਇੰਟ ਨਿਰਧਾਰਿਤ ਕਰਨ ਲਈ ਜਿਲ੍ਹਾ ਸਮਾਜਿਕ ਨਿਆ ਅਤੇ ਅਧਿਕਾਰਿਤ ਅਫਸਰ, ਸੰਗਰੂਰ ਪਾਸ ਭੇਜੀ ਜਾਵੇ। ਰੋਸਟਰ_ਪੁਆਇੰਟ ਨਿਰਧਾਰਿਤ ਹੋਣ ਉਪਰੰਤ ਫਾਈਨਲ ਮੈਰਿਟ ਲਿਸਟ ਨਗਰ ਕੌਂਸਲ, ਲੌਂਗੋਵਾਲ ਵੱਲੋਂ ਹਾਊਸ ਵਿਚ ਮਤੇ ਦੇ ਰੂਪ ਵਿਚ ਪ੍ਰਵਾਨ ਕਰਨ ਲਈ ਰੱਖੀ ਜਾਵੇਗੀ।

15. ਇਸ ਤਰਾਂ ਨਗਰ ਕੌਂਸਲ, ਲੌਂਗੋਵਾਲ ਅਤੇ ਸਿਲੈਕਸ਼ਨ ਕਮੇਟੀ ਵੱਲੋਂ ਭਰਤੀ ਸਬੰਧੀ ਨਿਰਧਾਰਿਤ ਕੀਤੇ ਗਏ ਮਾਪਦੰਡਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਿਲੈਕਸ਼ਨ ਕਮੇਟੀ ਵੱਲੋਂ ਹੇਠ ਲਿਖੇ ਅਨੁਸਾਰ 16 ਯੋਗ ਉਮਦੀਵਾਰਾਂ ਦੀ ਸਾਂਝੀ ਮੈਰਿਟ ਲਿਸਟ ਫਾਈਨਲ ਕੀਤੀ ਜਾਂਦੀ ਹੈ।

| Sr. No. | Receipt Register Serial No. & Date | | Name of Candidate | Father/ Husband Name | M/F | DOB | Age as on 01.01.2021 (Years) | Qualification | Category | Whether Resident of Punjab or not | Experience up to 30.09.2021 (Y/M) | | MARKS (Q/E) | | TOTAL | Roster Point | Roster Category |
|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 |
| 1 | 5 | 26.10.2021 | HARDEEP SINGH | RAJU RAM | M | 7/26/1996 | 24 | 8th | SC | Yes | 5 | 3 | 4 | 1 | 5 | | |
| 2 | 9 | 26.10.2021 | SAROJ BALA | BILLU SINGH | F | 1/1/1976 | 45 | NIL | SC | Yes | 5 | 3 | 4 | 0 | 4 | | |
| 3 | 8 | 26.10.2021 | LEELA SINGH | BABU RAM | M | 1/1/1994 | 27 | NIL | SC | Yes | 5 | 3 | 4 | 0 | 4 | | |
| 4 | 7 | 26.10.2021 | SUNIL KUMAR | VINOD KUMAR | M | 9/27/1997 | 23 | NIL | SC | Yes | 5 | 1 | 4 | 0 | 4 | | |

| Sr. No. | Receipt Register Serial No. & Date | | Name of Candidate | Father/ Husband Name | M/F | DOB | Age as on 01.01.2021 (Years) | Qualification | Category | Whether Resident of Punjab or not | Experience up to 30.09.2021 (Y/M) | | MARKS (Q/E) | | TOTAL | Roster Point | Roster Category |
|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 |
| 5 | 4 | 26.10.2021 | RAKESH SINGH | PHOOL SINGH | M | 8/24/1998 | 22 | 8th | SC | Yes | 4 | 3 | 2 | 1 | 3 | | |
| 6 | 6 | 26.10.2021 | LOKESH SINGH | PHOOL SINGH | M | 8/23/1999 | 21 | 8TH | SC | Yes | 2 | 9 | 0 | 1 | 1 | | |
| 7 | 10 | 26.10.2021 | VARINDER SINGH | RAJU RAM | M | 5/4/2001 | 19 | 8th | SC | Yes | 1 | 6 | 0 | 1 | 1 | | |
| 8 | 11 | 26.10.2021 | HARJIT SINGH | GURDIYAAL SINGH | M | 5/8/1980 | 40 | 10th | SC | Yes | 0 | 0 | 0 | 1 | 1 | | |
| 9 | 23 | 27.10.2021 | DARSHAN SINGH | NACHHATAR SINGH | M | 6/8/1983 | 37 | 12th | SC | Yes | 0 | 0 | 0 | 1 | 1 | | |
| 10 | 22 | 27.10.2021 | JIVAN SINGH | JAGJIT SINGH | M | 2/24/1988 | 32 | 10th | SC | Yes | 0 | 0 | 0 | 1 | 1 | | |
| 11 | 20 | 26.10.2021 | BALKAR SINGH | JARNAIL SINGH | M | 6/15/1992 | 28 | 12th | SC | Yes | 0 | 0 | 0 | 1 | 1 | | |
| 12 | 17 | 26.10.2021 | KALA SINGH | BHOLA SINGH | M | 1/1/1980 | 41 | NIL | SC | Yes | 2 | 9 | 0 | 0 | 0 | | |
| 13 | 15 | 26.10.2021 | AMRIK SINGH | VAJIR SINGH | M | 1/1/1981 | 40 | NIL | SC | Yes | 2 | 9 | 0 | 0 | 0 | | |
| 14 | 19 | 26.10.2021 | HARNEK SINGH | VAJIR SINGH | M | 1/1/1983 | 38 | NIL | SC | Yes | 2 | 9 | 0 | 0 | 0 | | |
| 15 | 13 | 26.10.2021 | BOOTA SINGH | PIYARA SINGH | M | 1/1/1987 | 34 | NIL | SC | Yes | 2 | 3 | 0 | 0 | 0 | | |

| Sr. No. | Receipt Register Serial No. & Date | | Name of Candidate | Father/ Husband Name | M/F | DOB | Age as on 01.01.2021 (Years) | Qualification | Category | Whether Resident of Punjab or not | Experience up to 30.09.2021 (Y/M) | | MARKS (Q/E) | | TOTAL | Roster Point | Roster Category |
|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 |
| 16 | 18 | 26.10.2021 | GAGANDEEP SINGH | JAGIR SINGH | M | 1/1/1986 | 35 | NIL | SC | Yes | 2 | 0 | 0 | 0 | 0 | | |

ਉਕਤ ਅਨੁਸਾਰ ਸਲੈਕਸ਼ਨ ਕਮੇਟੀ ਦੀ ਮੀਟਿੰਗ ਦੀ ਸਮਾਪਤੀ ਕਰਦੇ ਹੋਏ ਚੇਅਰਮੈਨ ਸਲੈਕਸ਼ਨ ਕਮੇਟੀ ਵੱਲੋਂ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਕਾਰਜ ਸਾਧਕ ਅਫਸਰ
ਨਗਰ ਕੌਂਸਲ, ਲੌਂਗੋਵਾਲ

ਪਿੱਠਅੰਕਣ ਨੰ: ____________ ਮਿਤੀ: ____________

ਉਪਰੋਕਤ ਦਾ ਇੱਕ ਉਤਾਰਾ:-

1. ਚੇਅਰਮੈਨ ਸਲੈਕਸ਼ਨ ਕਮੇਟੀ-ਕਮ ਪ੍ਰਧਾਨ, ਨਗਰ ਕੌਂਸਲ, ਲੌਂਗੋਵਾਲ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਮੈਂਬਰ ਸਿਲੈਕਸ਼ਨ ਕਮੇਟੀ-ਕਮ-ਕੌਂਸਲਰ ਪੁਰਸ਼ ਵਾਰਡ ਨੰ: 10, ਲੌਂਗੋਵਾਲ ਅਤੇ ਮੈਂਬਰ ਸਿਲੈਕਸ਼ਨ ਕਮੇਟੀ-ਕਮ-ਕੌਂਸਲਰ ਇਸਤਰੀ ਵਾਰਡ ਨੰ: 3, ਲੌਂਗੋਵਾਲ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
3. ਜਿਲ੍ਹਾ ਸਮਾਜਿਕ ਨਿਆ ਅਤੇ ਅਧਿਕਾਰਿਤ ਅਫਸਰ, ਸੰਗਰੂਰ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
4. ਜਿਲ੍ਹਾ ਖੇਡ ਅਫਸਰ, ਸੰਗਰੂਰ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ। 5. ਤਹਿਸੀਲ ਭਲਾਈ ਅਫਸਰ, ਸੰਗਰੂਰ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜ ਸਾਧਕ ਅਫਸਰ
ਨਗਰ ਕੌਂਸਲ, ਲੌਂਗੋਵਾਲ

ਪਿੱਠਅੰਕਣ ਨੰ: 903 ਮਿਤੀ: 06-11-2023

ਉਪਰੋਕਤ ਦਾ ਇੱਕ ਉਤਾਰਾ:-

1. ਵਧੀਕ ਡਿਪਟੀ ਕਮਿਸ਼ਨਰ, ਸੰਗਰੂਰ (ਜ) ਪਾਸ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ 16 ਯੋਗ ਉਮੀਦਵਾਰਾਂ ਦੀ ਸਾਂਝੀ ਮੈਰਿਟ ਲਿਸਟ ਸਬੰਧੀ ਵੱਖ-2 ਅਸਾਮੀਆਂ ਲਈ ਰਾਖਵਾਂਕਰਨ ਬਾਰੇ ਰੋਸਟਰ ਪੁਆਇੰਟ ਨਿਰਧਾਰਿਤ ਕਰਨ ਲਈ ਜਿਲ੍ਹਾ ਸਮਾਜਿਕ ਨਿਆ ਅਤੇ ਅਧਿਕਾਰਿਤ ਅਫਸਰ, ਸੰਗਰੂਰ ਨੂੰ ਲੌੜੀਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਰੋਸਟਰ_ਪੁਆਇੰਟ ਨਿਰਧਾਰਿਤ ਹੋਣ ਉਪਰੰਤ ਮੈਰਿਟ ਲਿਸਟ ਨਗਰ ਕੌਂਸਲ, ਲੌਂਗੋਵਾਲ ਵੱਲੋਂ ਹਾਊਸ ਵਿਚ ਮਤੇ ਦੇ ਰੂਪ ਵਿਚ ਪ੍ਰਵਾਨ ਕਰਨ ਲਈ ਰੱਖਦੇ ਹੋਏ ਭਰਤੀ ਪ੍ਰਕ੍ਰਿਆ ਮੁਕੰਮਲ ਕੀਤੀ ਜਾ ਸਕੇ।
2. ਜੁਆਇੰਟ ਡਿਪਟੀ ਡਾਇਰੈਕਟਰ, ਇੰਚਾਰਜ ਪੀ.ਆਰ.ਯੂ. ਯੂਨਿਟ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਪਾਸ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਕਾਰਵਾਈ ਸਥਾਨਕ ਸਰਕਾਰ ਵਿਭਾਗ, ਪੰਜਾਬ ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਕਾਰਜ ਸਾਧਕ ਅਫਸਰ
ਨਗਰ ਕੌਂਸਲ, ਲੌਂਗੋਵਾਲ